# ਹਾਲਟਨ ਡਿਸਟ੍ਰਿਕਟ ਸਕੂਲ ਬੋਰਡ ਪ੍ਰਸ਼ਾਸਨਿਕ ਪ੍ਰਕਿਰਿਆ

**ਵਿਸ਼ਾ: ਸਿਰ ਦੀਆਂ ਜੂਆਂ (ਪੈਡੀਕੁਲੋਸਿਸ)**
**ਲਾਗੂ: ਫਰਵਰੀ 2009; 2012; 2016**
**ਸਮੀਖਿਆ/ਸੋਧ ਦੀ ਮਿਤੀ: ਅਕਤੂਬਰ 2017**
**ਜ਼ਿੰਮੇਵਾਰੀ: ਸੁਪਰਿੰਟੈਂਡੈਂਟ ਆਫ ਐਜੂਕੇਸ਼ਨ**

**ਉਦੇਸ਼:**
ਹਾਲਟਨ ਡਿਸਟ੍ਰਿਕਟ ਸਕੂਲ ਬੋਰਡ, ਸਕੂਲਾਂ ਵਿਚ ਸਿਰ ਦੀਆਂ ਜੂਆਂ ਵਾਲੇ ਬੱਚਿਆਂ ਲਈ ਲੀਖਾਂ ਤੇ ਪੂਰੀ ਪਾਬੰਦੀ ਦੀ ਨੀਤੀ ਦਾ ਸਮਰਥਨ ਕਰਦਾ ਹੈ।

**ਪ੍ਰਕਿਰਿਆਵਾਂ:**
ਬੋਰਡ ਦੀ ਇਹ ਸਿਫਾਰਸ਼ ਹੈ ਕਿ ਸਕੂਲ, ਖਾਸ ਤੌਰ ਤੇ ਐਲੀਮੈਂਟਰੀ ਸਕੂਲ, ਆਪਣੇ ਸਕੂਲ ਦੇ ਨਿਊਜ਼ਲੈਟਰ ਵਿਚ ਇੱਕ ਲੇਖ ਸ਼ਾਮਿਲ ਕਰਨ ਜਿਸ ਵਿੱਚ ਇਹ ਦੱਸਣ ਕਿ ਮਾਪੇ ਆਪਣੇ ਬੱਚੇ ਦੇ ਸਿਰ ਵਿਚ ਜੂਆਂ ਦੀ ਜਾਂਚ, ਖਾਸ ਤੌਰ ਤੇ ਸਮਰ, ਵਿੰਟਰ ਅਤੇ ਮਾਰਚ ਦੀਆਂ ਛੁੱਟੀਆਂ ਦੇ ਬਾਅਦ, ਕਿਵੇਂ ਕਰ ਸਕਦੇ ਹਨ। ਜੂਆਂ ਹੋਣ ਦੇ ਸ਼ੱਕ ਵਾਲੇ ਹਰ ਮਾਮਲੇ ਨੂੰ, ਉਸਦਾ ਪਤਾ ਚਲਦੇ ਹੀ, ਸਕ੍ਰੀਨਿੰਗ ਏਜੰਸੀ ਕੋਲ ਭੇਜਣਾ ਲਾਜ਼ਮੀ ਹੈ। ਇਹ ਏਜੰਸੀ ਹਾਲਤ ਦੀ ਜਾਂਚ ਕਰੇਗੀ। ਜਿਹੜੇ ਮਾਮਲਿਆਂ ਵਿਚ ਜੂਆਂ ਹੋਣ ਦੀ ਪੁਸ਼ਟੀ ਹੁੰਦੀ ਹੈ, ਸਕ੍ਰੀਨਿੰਗ ਏਜੰਸੀ, ਪ੍ਰਿੰਸੀਪਲ ਨਾਲ ਸਲਾਹ ਕਰਕੇ, ਸਬੰਧਤ ਬੱਚੇ ਦੇ ਮਾਪਿਆਂ ਨੂੰ ਇਸ ਗੱਲ ਦੀ ਸੂਚਨਾ ਦੇਵੇਗੀ। ਪ੍ਰਿੰਸੀਪਲ ਦੇ ਹਸਤਾਖਰ ਹੇਠ ਇੱਕ ਚਿੱਠੀ (ਅੰਤਿਕਾ A) ਹਰ ਅਜਿਹੇ ਬੱਚੇ ਦੇ ਘਰ ਭੇਜੀ ਜਾਏਗੀ। ਮਾਪਿਆਂ ਨੂੰ ਸੂਚਿਤ ਕੀਤਾ ਜਾਏਗਾ ਕਿ ਆਪਣੇ ਬੱਚੇ ਨੂੰ ਕਲਾਸ ਵਿਚ ਵਾਪਸ ਭੇਜਣ ਤੋਂ ਪਹਿਲਾਂ ਉਹਨਾਂ ਲਈ ਕਿਸੇ ਸਕ੍ਰੀਨਿੰਗ ਏਜੰਸੀ ਜਾਂ ਮੈਡੀਕਲ ਪ੍ਰੈਕਟੀਸ਼ਨਰ ਕੋਲੋਂ ਇੱਕ ਸਕੂਲ-ਵਿਚ-ਵਾਪਸੀ ਫਾਰਮ 'ਤੇ ਦਸਤਖਤ ਕਰਵਾਉਣਾ ਜ਼ਰੂਰੀ ਹੈ।

**1. ਕਲਾਸਰੂਮ ਵਿਚ ਮੁਆਇਨਾ**

- ਕਲਾਸਰੂਮ ਵਿਚਲੇ ਮੁਆਇਨੇ ਨੂੰ ਸਰਲ ਬਣਾਉਣ ਲਈ ਟੀਚਰ ਕਲਾਸ ਨੂੰ ਸੰਗਠਤ ਕਰਨਗੇ ਅਤੇ ਉਸ ਉੱਪਰ ਨਿਗਾਹ ਰੱਖੇਗੀ ਅਤੇ ਸਕ੍ਰੀਨਿੰਗ ਏਜੰਸੀ ਨੂੰ ਉਸ ਕਲਾਸ ਲਈ ਇੱਕ ਸੂਚੀ ਦੇਵੇਗੀ ਜਿਸ ਵਿਚ ਗੈਰਹਾਜ਼ਰ ਬੱਚਿਆਂ ਦੇ ਨਾਂ ਵੀ ਸ਼ਾਮਿਲ ਹੋਣਗੇ।
- ਪ੍ਰਿੰਸੀਪਲ ਇਹ ਸੁਨਿਸ਼ਚਿਤ ਕਰਨਗੇ ਕਿ ਸਕ੍ਰੀਨਿੰਗ ਏਜੰਸੀ ਨੂੰ ਇਸ ਗੱਲ ਦਾ ਪਤਾ ਹੋਵੇ ਕਿ ਸਿਰ ਢੱਕਣ ਦੇ ਧਾਰਮਿਕ ਪਹਿਰਾਵੇ ਵਾਲੇ ਬੱਚਿਆਂ ਨੂੰ ਛੋਟਾਂ ਦੀ ਲੋੜ ਹੋ ਸਕਦੀ ਹੈ।
- ਜੇ ਪ੍ਰਿੰਸੀਪਲ ਨੂੰ ਸਿਰ ਵਿਚ ਜੂਆਂ ਹੋਣ ਦੀ ਪੁਸ਼ਟੀ ਵਾਲੇ ਕਿਸੇ ਮਾਮਲੇ ਦੀ ਸੂਚਨਾ ਦਿੱਤੀ ਜਾਂਦੀ ਹੈ ਤਾਂ ਸਕ੍ਰੀਨਿੰਗ ਏਜੰਸੀ ਦੁਆਰਾ ਪੂਰੀ ਕਲਾਸ ਅਤੇ ਉਸ ਬੱਚੇ ਦੇ ਭੈਣ-ਭਰਾਵਾਂ ਦੇ ਤੇਜ਼ੀ ਨਾਲ ਮੁਆਇਨੇ ਦਾ ਪ੍ਰਬੰਧ ਕੀਤਾ ਜਾਏਗਾ।
- ਸਕ੍ਰੀਨਿੰਗ ਏਜੰਸੀ ਟੀਚਰ ਅਤੇ ਕਲਾਸ ਨੂੰ ਦੱਸੇਗੀ ਕਿ ਉਹ ਕੀ ਕਰਨ ਜਾ ਰਹੀ ਹੈ।
- ਸਕ੍ਰੀਨਿੰਗ ਏਜੰਸੀ ਪ੍ਰਿੰਸੀਪਲ ਨੂੰ ਉਹਨਾਂ ਬੱਚਿਆਂ ਬਾਰੇ ਸੂਚਿਤ ਕਰੇਗੀ ਜਿਨ੍ਹਾਂ ਦੇ ਸਿਰ ਵਿਚ ਜੂੰਆਂ ਹਨ।
- ਜੂੰਆਂ ਦੀ ਪੁਸ਼ਟੀ ਵਾਲੇ ਸਾਰੇ ਮਾਮਲਿਆਂ ਵਿਚ ਪ੍ਰਿੰਸੀਪਲ ਇੱਕ ਸੂਚਨਾ ਪੱਤਰ (ਅੰਤਿਕਾ A) ਭਰਨਗੇ। ਸੂਚਨਾ ਪੱਤਰ ਬੱਚੇ ਦੇ ਨਾਲ ਉਸਦੇ ਘਰ ਜਾਏਗਾ।
- ਜੇ ਸਿਰ ਵਿਚ ਜੂੰਆਂ ਦੀ ਬਿਮਾਰੀ ਕਿਸੇ ਸਕੂਲ ਵਿਚ ਵੱਡੇ ਪੈਮਾਨੇ ਤੇ ਫੈਲ ਜਾਂਦੀ ਹੈ ਤਾਂ, ਸਿਫਾਰਸ਼ ਕੀਤੀ ਜਾਂਦੀ ਹੈ ਕਿ ਪ੍ਰਿੰਸੀਪਲ ਸਾਰੇ ਮਾਪਿਆਂ ਨੂੰ ਇੱਕ ਚਿੱਠੀ ਰਾਹੀਂ ਇਸ ਦੀ ਸੂਚਨਾ ਦੇਣ।

**2. ਇਲਾਜ ਦੇ ਬਾਅਦ ਵਾਪਸੀ ਲਈ ਪ੍ਰਕਿਰਿਆਵਾਂ**
ਸਕ੍ਰੀਨਿੰਗ ਕਮੇਟੀ ਦੁਆਰਾ ਦੁਬਾਰਾ ਜਾਂਚ ਕਰਨ ਅਤੇ ਸਕ੍ਰੀਨਿੰਗ ਏਜੰਸੀ ਦੇ ਨਿਜੀ ਸੇਵਾਵਾਂ ਵਰਕਰ ਦੁਆਰਾ ਲੋੜੀਂਦੇ ਫਾਰਮ 'ਤੇ ਦਸਤਖਤ ਕਰਕੇ ਕਲਾਸ ਵਿਚ ਵਾਪਸੀ ਦੀ ਇਜਾਜ਼ਤ ਦੇਣ ਦੇ ਬਾਅਦ ਬੱਚਾ ਵਾਪਸ ਸਕੂਲ ਆ ਸਕਦਾ ਹੈ।
ਜਾਂ, ਜੇ ਮਾਪੇ ਚਾਹੁਣ, ਤਾਂ ਉਹ ਆਪਣੇ ਬੱਚੇ ਦੇ ਸਿਰ ਦੀ ਜਾਂਚ ਕਿਸੇ ਮੈਡੀਕਲ ਪ੍ਰੈਕਟੀਸ਼ਨਰ ਜਾਂ ਜੂੰਆਂ ਦੀ ਜਾਂਚ ਕਰਨ ਵਾਲੀ ਕਿਸੇ ਰਜਿਸਟਰਡ ਸਕ੍ਰੀਨਿੰਗ ਏਜੰਸੀ ਦੇ ਕਰਮਚਾਰੀ ਕੋਲੋਂ, ਜਿਸ ਕੋਲ ਘੱਟੋ-ਘੱਟ ਨਿਜੀ ਸੇਵਾ ਵਰਕਰ ਦੇ ਅਹੁਦੇ ਦੀ ਤਸਦੀਕ ਹੋਵੇ, ਕਰਵਾ ਸਕਦੇ ਹਨ।

**ਅੰਤਿਕਾ A**
(ਨਮੂਨਾ)

School Letterhead

(ਮਿਤੀ)

ਪਿਆਰੇ (ਮਾਤਾ/ਪਿਤਾ/ਨਿਗਰਾਨ ਦਾ ਨਾਂ):

ਹਾਲ ਵਿਚ ਹੀ, ਸਕੂਲ ਵਿਚ ਬੱਚਿਆਂ ਦੇ ਸਿਰ ਵਿਚ ਜੂੰਆਂ ਹੋਣ ਦੇ ਸ਼ੱਕ ਕਾਰਨ ਸਿਹਤ ਦੀ ਮੁਢਲੀ ਜਾਂਚ ਕੀਤੀ ਗਈ। ਇਸ ਦੇ ਨਤੀਜੇ ਵਜੋਂ ਪਤਾ ਚੱਲਿਆ ਕਿ ਤੁਹਾਡੇ ਬੱਚੇ ਦੇ ਸਿਰ ਵਿਚ ਜੂੰਆਂ ਹਨ। ***ਕਿਉਂਕਿ ਬੱਚੇ ਦੇ ਸਿਰ ਵਿਚ ਜੂੰਆਂ ਅਤੇ/ਜਾਂ ਲੀਖਾਂ ਪਾਈਆਂ ਗਈਆਂ ਹਨ, ਤੁਹਾਡੇ ਬੱਚੇ ਨੂੰ ਸਕੂਲ ਤੋਂ ਬਾਹਰ ਰੱਖਿਆ ਜਾ ਰਿਹਾ ਹੈ।***

ਤੁਹਾਡੀ ਮਦਦ ਲਈ ਸਿਰ ਦੀਆਂ ਜੂੰਆਂ ਬਾਰੇ ਇੱਕ ਜਾਣਕਾਰੀ ਪੈਕਿਜ ਸਕੂਲ ਵਿਚ ਉਪਲਬਧ ਹੈ। ਸਹੀ ਇਲਾਜ ਦਾ ਪਤਾ ਲਗਾਉਣ ਲਈ ਕਿਰਪਾ ਕਰਕੇ ਕਿਸੇ ਫਾਰਮੇਸਿਸਟ ਜਾਂ ਆਪਣੇ ਪਰਿਵਾਰਕ ਡਾਕਟਰ ਨਾਲ ਸਲਾਹ ਕਰੋ।

ਜਦ ਤੁਹਾਡੇ ਬੱਚੇ ਦੇ ਵਾਲਾਂ ਵਿਚੋਂ ਸਾਰੀਆਂ ਜੂੰਆਂ ਖਤਮ ਹੋ ਜਾਣ ਤਾਂ ਕਿਰਪਾ ਕਰਕੇ *ਵੀ ਕੇਅਰ ਹੋਮ ਹੈਲਥ ਸਰਵਿਸਿਜ਼* ਦੀ ਹੌਟਲਾਈਨ **(905) 507-6562 or 1-855-507-6562**. ‘ਤੇ ਕਾਲ ਕਰੋ। ਰਿਸੈਪਸ਼ਨਿਸਟ ਤੁਹਾਨੂੰ ਉਹਨਾਂ ਥਾਂਵਾਂ ਦਾ ਪਤਾ ਦੇਵੇਗੀ ਜਿਥੇ ਤੁਸੀਂ ਆਪਣੇ ਬੱਚੇ ਨੂੰ ਦੁਬਾਰਾ ਜਾਂਚ ਲਈ ਲਿਜਾ ਸਕਦੇ ਹੋ। ਜਾਂ, ਜੇ ਮਾਪੇ ਚਾਹੁਣ ਤਾਂ ਉਹ ਬੱਚੇ ਦੇ ਸਿਰ ਦੀ ਜਾਂਚ ਕਿਸੇ ਮੈਡੀਕਲ ਪ੍ਰੈਕਟੀਸ਼ਨਰ ਜਾਂ ਜੂੰਆਂ ਦੀ ਜਾਂਚ ਕਰਨ ਵਾਲੀ ਕਿਸੇ ਰਜਿਸਟਰਡ ਏਜੰਸੀ ਦੇ ਅਜਿਹੇ ਕਰਮਚਾਰੀ ਕੋਲੋਂ ਕਰਵਾ ਸਕਦੇ ਹਨ ਜਿਸ ਕੋਲ ਘੱਟੋ-ਘੱਟ ਨਿਜੀ ਸੇਵਾ ਵਰਕਰ ਦੇ ਅਹੁਦੇ ਦੀ ਤਸਦੀਕ ਹੋਵੇ।

*ਵੀ ਕੇਅਰ ਹੋਮ ਹੈਲਥ ਸਰਵਿਸਿਜ਼* ਦੇ ਨਿਜੀ ਸੇਵਾ ਵਰਕਰ(PSW), ਜੂੰਆਂ ਦੀ ਜਾਂਚ ਕਰਨ ਵਾਲੀ ਕਿਸੇ ਰਜਿਸਟਰਡ ਏਜੰਸੀ ਜਾਂ ਕਿਸੇ ਮੈਡੀਕਲ ਪ੍ਰੈਕਟੀਸ਼ਨਰ ਦੁਆਰਾ ਦੁਬਾਰਾ ਮੁਆਇਨਾ ਕਰਨ ‘ਤੇ ਜੇ ਤੁਹਾਡੇ ਬੱਚੇ ਦੇ ਸਿਰ ਵਿਚ ਜੂੰਆਂ, ਅੰਡੇ ਜਾਂ ਲੀਖਾਂ ਨਹੀਂ ਪਾਈਆਂ ਜਾਂਦੀਆਂ ਤਾਂ ਤੁਹਾਨੂੰ ਇੱਕ ਫਾਰਮ ਦਿੱਤਾ ਜਾਵੇਗਾ ਜੋ ਤੁਹਾਡੇ ਬੱਚੇ ਨੂੰ ਸਕੂਲ ਵਾਪਸ ਆਉਣ ਦੀ ਇਜਾਜ਼ਤ ਦਿੰਦਾ ਹੈ। ਜੇ ਤੁਹਾਡੇ ਬੱਚੇ ਦੇ ਸਿਰ ਵਿਚ ਹਾਲਾਂ ਵੀ ਜੂੰਆਂ ਜਾਂ ਲੀਖਾਂ ਮਿਲਦੀਆਂ ਹਨ ਤਾਂ ਸਕ੍ਰੀਨਿੰਗ ਏਜੰਸੀ ਦਾ PSW ਤੁਹਾਨੂੰ ਹੋਰ ਇਲਾਜ ਕਰਨ ਬਾਰੇ ਸਲਾਹ ਅਤੇ ਸਹਾਇਤਾ ਪ੍ਰਦਾਨ ਕਰੇਗਾ।

ਸ਼ੁਭਚਿੰਤਕ,
(ਪ੍ਰਿੰਸੀਪਲ ਦਾ ਨਾਂ)

**ਅੰਤਿਕਾ B:**
(ਨਮੂਨਾ)

(School Letterhead)

(ਮਿਤੀ)

ਪਿਆਰੇ (ਮਾਤਾ/ਪਿਤਾ/ਨਿਗਰਾਨ ਦਾ ਨਾਂ):

ਪਿਛਲੇ ਹਫਤੇ ਤੁਹਾਡੇ ਬੱਚੇ ਦੀ ਕਲਾਸ ਦੇ ਕੁਝ ਬੱਚਿਆਂ ਦੇ ਸਿਰ ਵਿਚ ਜੂੰਆਂ ਪਾਈਆਂ ਗਈਆਂ ਹਨ। ਚੰਗਾ ਹੋਵੇ ਜੇ ਤੁਸੀਂ ਆਪਣੇ ਬੱਚੇ ਦੇ ਵਾਲਾਂ ਦੀ ਜਾਂਚ ਰੋਜ਼ਾਨਾ ਕਰਨਾ ਜਾਰੀ ਰੱਖੋ।

ਸਿਰ ਵਿਚ ਜੂੰਆਂ ਪੈਣਾ ਸਰੀਰਕ ਸਫਾਈ ਦੀ ਕਮੀ ਨਹੀਂ ਦਰਸਾਉਂਦਾ ਹੈ; ਇਹ ਵਾਰ ਵਾਰ ਹੋਣ ਵਾਲੀ ਸਮੱਸਿਆ ਹੈ ਜੋ ਸਿੱਧੇ ਸੰਪਰਕ ਵਾਲੇ ਕਿਸੇ ਵੀ ਵਿਅਕਤੀ ਨੂੰ ਹੋ ਸਕਦੀ ਹੈ।

ਜੇ ਤੁਹਾਨੂੰ ਪਤਾ ਚਲਦਾ ਹੈ ਕਿ ਤੁਹਾਡੇ ਬੱਚੇ ਦੇ ਸਿਰ ਵਿਚ ਜੂੰਆਂ ਹਨ ਤਾਂ ਸਾਡੀ ਸਿਫਾਰਸ਼ ਇਹ ਹੈ ਕਿ ਤੁਸੀਂ ਸਕੂਲ ਨਾਲ ਸੰਪਰਕ ਕਰੋ। ਜੂੰਆਂ ਦੇ ਪ੍ਰਸਾਰ ਨੂੰ ਰੋਕਣ ਲਈ ਇਹ ਜਾਣਕਾਰੀ ਦੇਣੀ ਜ਼ਰੂਰੀ ਹੈ। ਜਿਨ੍ਹਾਂ ਬੱਚਿਆਂ ਦੇ ਸਿਰ ਵਿਚ ਜੂੰਆਂ ਹੋਣਗੀਆਂ ਉਹਨਾਂ ਨੂੰ ਸਕੂਲ ਤੋਂ ਬਾਹਰ ਰੱਖਿਆ ਜਾਏਗਾ ਅਤੇ ਮਾਪਿਆਂ ਨੂੰ ਸਿਫਾਰਸ਼ ਕੀਤਾ ਇਲਾਜ ਕਰਵਾਉਣ ਲਈ ਆਖਿਆ ਜਾਏਗਾ।

ਵਿਦਿਆਰਥੀ ਸਕੂਲ ਤਾਂ ਹੀ ਵਾਪਸ ਆ ਸਕਦੇ ਹਨ ਜਦ *ਵੀ ਕੇਅਰ ਹੋਮ ਹੈਲਥ ਸਰਵਿਸਿਜ਼* ਨੇ ਉਹਨਾਂ ਦੀ ਜਾਂਚ ਕਰਕੇ ਉਹਨਾਂ ਨੂੰ ਦਸਤਖਤ ਕੀਤਾ ਸਕੂਲ ਵਿਚ ਵਾਪਸੀ ਦਾ ਫਾਰਮ ਦੇ ਦਿੱਤਾ ਹੋਵੇ। ਜਾਂ, ਜੇ ਮਾਪੇ ਚਾਹੁਣ ਤਾਂ ਉਹ ਆਪਣੇ ਬੱਚੇ ਦੇ ਸਿਰ ਦੀ ਜਾਂਚ ਕਿਸੇ ਮੈਡੀਕਲ ਪ੍ਰੈਕਟੀਸ਼ਨਰ ਕੋਲੋਂ ਜਾਂ ਜੂੰਆਂ ਦੀ ਜਾਂਚ ਕਰਨ ਵਾਲੀ ਕਿਸੇ ਰਜਿਸਟਰਡ ਏਜੰਸੀ ਦੇ ਕਿਸੇ ਅਜਿਹੇ ਕਰਮਚਾਰੀ ਕੋਲੋਂ ਕਰਵਾ ਸਕਦੇ ਹਨ ਜਿਸ ਕੋਲ ਘੱਟੋ-ਘੱਟ ਨਿਜੀ ਸੇਵਾ ਵਰਕਰ ਦੇ ਅਹੁਦੇ ਦੀ ਤਸਦੀਕ ਹੋਵੇ।

ਜੇ ਤੁਹਾਡੇ ਮਨ ਵਿਚ ਕੋਈ ਅਜਿਹੇ ਸਵਾਲ ਹਨ ਜਿਨ੍ਹਾਂ ਦਾ ਜਵਾਬ ਨਹੀਂ ਦਿੱਤਾ ਗਿਆ ਹੈ ਤਾਂ ਕਿਰਪਾ ਕਰਕੇ ਮੈਨੂੰ ਸਕੂਲ ਵਿਖੇ ਕਾਲ ਕਰੋ।

ਸ਼ੁਭਚਿੰਤਕ,
(ਪ੍ਰਿੰਸੀਪਲ ਦਾ ਨਾਂ)

**ਅੰਤਿਕਾ C**

**ਭੂਮਿਕਾ**

ਸਿਰ ਦੀਆਂ ਜੂੰਆਂ (ਪੈਡੀਕੁਲੋਸਿਸ) ਨੂੰ ਕਾਬੂ ਕਰਨ ਦੇ ਲਈ ਕਲਾਸਰੂਮ ਵਿਚ ਮੁਢਲੀ ਜਾਂਚ ਦੇ ਕੰਮ ਵਿਚ ਕਿਸੇ ਪ੍ਰਾਈਵੇਟ ਨਰਸਿੰਗ ਏਜੰਸੀ ਦੀਆਂ ਸੇਵਾਵਾਂ ਦਾ ਤਾਲਮੇਲ ਅਤੇ ਨਿਗਰਾਨੀ ਕਰਨਾ ਵੀ ਸ਼ਾਮਿਲ ਹੈ।

**ਕੰਮ ਅਤੇ ਜ਼ੁੰਮੇਵਾਰੀਆਂ**

**1. ਪਬਲਿਕ ਹੈਲਥ ਨਰਸ (905) 825-6000**

- ਬੇਨਤੀ ਕਰਨ ਤੇ, ਸਟਾਫ ਨੂੰ ਸਿਰ ਦੀਆਂ ਜੂੰਆਂ ਨਾਲ ਜੁੜੇ ਮੌਜੂਦਾ ਮੁੱਦਿਆਂ ‘ਤੇ ਸਲਾਹ ਦਿੰਦੇ ਹਨ
- ਮੀਡਿਆ ਨੂੰ ਸਿਰ ਦੀਆਂ ਜੂੰਆਂ ਬਾਰੇ ਜਾਣਕਾਰੀ ਦਿੰਦੇ ਹਨ।

**2. ਸਕੂਲ ਪ੍ਰਿੰਸੀਪਲ**

- ਸਕੂਲ ਦੇ ਮਾਹੌਲ ਵਿਚ ਸਿਰ ਦੀਆਂ ਜੂੰਆਂ ਨੂੰ ਕਾਬੂ ਕਰਨ ਲਈ ਰੋਕਥਾਮ ਵਾਲੇ ਕਦਮ ਲਾਗੂ ਅਤੇ ਪ੍ਰੋਤਸਾਹਿਤ ਕਰਦੇ ਹਨ
- ਸਿਰ ਦੀਆਂ ਜੂੰਆਂ ਦੇ ਸ਼ੱਕ/ਪੁਸ਼ਟੀ ਵਾਲੇ ਮਾਮਲੇ ਦੀ ਸੂਚਨਾ ਪ੍ਰਾਈਵੇਟ ਸਕ੍ਰੀਨਿੰਗ ਏਜੰਸੀ ਨੂੰ ਦਿੰਦੇ ਹਨ ਅਤੇ ਤੇਜ਼ੀ ਨਾਲ ਕਲਾਸਰੂਮ ਸਕ੍ਰੀਨਿੰਗ ਲਈ ਬੇਨਤੀ ਕਰਦੇ ਹਨ
- ਛੋਟਾਂ ਬਾਰੇ ਗੱਲਬਾਤ ਕਰਨ ਲਈ ਸਿਰ ਢਕਣ ਦੇ ਧਾਰਮਿਕ ਪਹਿਰਾਵੇ ਵਾਲੇ ਬੱਚਿਆਂ ਦੇ ਮਾਪਿਆਂ ਨਾਲ ਸੰਪਰਕ ਕਰਦੇ ਹਨ
- ਸੁਨਿਸ਼ਚਿਤ ਕਰਦੇ ਹਨ ਕਿ ਬੱਚੇ ਦੇ ਸਿਰ ਵਿਚ ਜੂੰਆਂ ਹੋਣ ਬਾਰੇ ਉਸਦੇ ਮਾਪਿਆਂ ਨੂੰ ਸੂਚਨਾ ਦਿੱਤੀ ਜਾਏ ਅਤੇ ਸਕੂਲ ਵਿਚ ਵਾਪਸ ਆਉਣ ਤੋਂ ਪਹਿਲਾਂ ਜ਼ਰੂਰੀ ਲੋੜਾਂ ਬਾਰੇ ਦੱਸਿਆ ਜਾਏ
- ਜਿਸ ਬੱਚੇ ਦੇ ਸਿਰ ਵਿਚ ਜੂੰਆਂ ਹੋਣ ਉਸਨੂੰ ਸਕੂਲ ਤੋਂ ਬਾਹਰ ਰੱਖਦੇ ਹਨ
- ਇਲਾਜ ਦੇ ਬਾਅਦ ਅਤੇ ਕਿਸੇ ਸਕ੍ਰੀਨਿੰਗ ਏਜੰਸੀ ਜਾਂ ਮੈਡੀਕਲ ਪ੍ਰੈਕਟੀਸ਼ਨਰ ਕੋਲੋਂ ਇਸ ਗੱਲ ਦੀ ਲਿਖਤੀ ਪੁਸ਼ਟੀ ਮਿਲਣ ਦੇ ਬਾਅਦ ਕਿ ਸਾਰੀਆਂ ਜੂੰਆਂ ਅਤੇ ਲੀਖਾਂ ਖਤਮ ਹੋ ਗਈਆਂ ਹਨ, ਬੱਚੇ ਨੂੰ ਦੁਬਾਰਾ ਸਕੂਲ ਆਉਣ ਦੀ ਇਜਾਜ਼ਤ ਦਿੰਦੇ ਹਨ।

**3. ਟੀਚਰ**

- ਕਲਾਸਰੂਮ ਵਿਚ ਸਿਰ ਦੀਆਂ ਜੂੰਆਂ ਨੂੰ ਕਾਬੂ ਕਰਨ ਲਈ ਰੋਕਥਾਮ ਵਾਲੇ ਕਦਮ ਸਰਗਰਮੀ ਨਾਲ ਲਾਗੂ ਅਤੇ ਪ੍ਰੋਤਸਾਹਿਤ ਕਰਦੇ ਹਨ
- ਸਿਰ ਵਿਚ ਜੂੰਆਂ ਹੋਣ ਦਾ ਸੰਕੇਤ ਦੇਣ ਵਾਲੇ ਲੱਛਣਾਂ (ਅੰਤਿਕਾ D) ਬਾਰੇ ਜਾਣਕਾਰੀ ਰੱਖਦੇ ਹਨ
- ਕਲਾਸ ਵਿਚਲੇ ਸਿਰ ਢਕਣ ਲਈ ਧਾਰਮਿਕ ਪਹਿਰਾਵੇ ਵਾਲੇ ਬੱਚਿਆਂ ਬਾਰੇ, ਜਿਨ੍ਹਾਂ ਨੂੰ ਛੋਟਾਂ ਦੀ ਲੋੜ ਹੋ ਸਕਦੀ ਹੈ, ਪ੍ਰਿੰਸੀਪਲ ਨੂੰ ਜਾਣਕਾਰੀ ਦਿੰਦੇ ਹਨ
- ਜੂੰਆਂ ਦੀ ਮੌਜੂਦਗੀ ਦੇ ਸ਼ੱਕ ਬਾਰੇ ਪ੍ਰਿੰਸੀਪਲ ਨੂੰ ਸੂਚਨਾ ਦਿੰਦੇ ਹਨ
- ਸਿਰ ਦੀਆਂ ਜੂੰਆਂ ਬਾਰੇ ਗਲਤਫਹਿਮੀਆਂ ਅਤੇ ਡਰ ਦੇ ਪੱਧਰ ਨੂੰ ਘੱਟ ਕਰਨ ਲਈ ਬੱਚਿਆਂ ਦੇ ਮਾਪਿਆਂ ਨੂੰ ਸਿੱਖਿਅਕ ਮੌਕਿਆਂ ਬਾਰੇ ਜਾਣਕਾਰੀ ਅਤੇ ਸ੍ਰੋਤ ਸਮੱਗਰੀ ਦੇਣ ਲਈ ਉਹਨਾਂ ਨਾਲ ਤਾਲਮੇਲ ਕਰਦੇ ਹਨ।

**4. ਮਾਤਾ-ਪਿਤਾ/ਨਿਗਰਾਨ**

- ਜੂੰਆਂ ਦੀ ਮੌਜੂਦਗੀ ਦਿਖਾਉਣ ਵਾਲੇ ਲੱਛਣਾਂ ਦੀ ਜਾਣਕਾਰੀ ਪ੍ਰਾਪਤ ਕਰਨਗੇ
- ਹਫਤੇ ਵਿਚ ਇੱਕ ਵਾਰੀ, ਖਾਸ ਤੌਰ ‘ਤੇ ਸਕੂਲ ਵਰ੍ਹੇ ਦੇ ਸ਼ੁਰੂ ਵਿਚ, ਸਕੂਲ ਵਿਚ ਬ੍ਰੇਕਾਂ ਦੇ ਬਾਅਦ ਅਤੇ ਜੂੰਆਂ ਫੈਲਣ ਦੇ ਸਮੇਂ ਦੌਰਾਨ ਬੱਚੇ ਦੀ ਸਿਰ ਦੀ ਜਾਂਚ ਕਰ ਕੇ ਦੇਖਣਗੇ ਕਿ ਉਸ ਵਿਚ ਕਿਧਰੇ ਜੂੰਆਂ ਤਾਂ ਨਹੀਂ ਹੋ ਗਈਆਂ ਹਨ
- ਰੋਕਥਾਮ ਦੇ ਇੱਕ ਤਰੀਕੇ ਵਜੋਂ ਬੱਚੇ ਨੂੰ ਹਰ ਰਾਤ ਵਾਲਾਂ ਨੂੰ ਬੁਰਸ਼ ਕਰਨ ਲਈ ਪ੍ਰੋਤਸਾਹਤ ਕਰਨਗੇ
- ਜੇ ਜੂੰਆਂ ਦੀ ਭਰਮਾਰ ਮਿਲਦੀ ਹੈ ਤਾਂ ਸਕੂਲ ਨੂੰ ਅਤੇ ਦੂਜੇ ਸੰਭਾਵੀ ਸਮੁਦਾਇਕ ਸੰਪਰਕਾਂ ਨੂੰ ਇਸਦੀ ਸੂਚਨਾ ਦੇਣਗੇ
- ਲੋੜੀਂਦੇ ਤਰੀਕਿਆਂ ਨਾਲ ਇਲਾਜ ਯਕੀਨੀ ਬਣਾਉਣਗੇ।
- ਦੁਬਾਰਾ ਜਾਂਚ ਕਰਨ ਲਈ ਬੱਚੇ ਨੂੰ ਸਕ੍ਰੀਨਿੰਗ ਏਜੰਸੀ ਜਾਂ ਮੈਡੀਕਲ ਪ੍ਰੈਕਟੀਸ਼ਨਰ ਕੋਲ ਲੈ ਜਾਣਗੇ
- ਏਜੰਸੀ ਜਾਂ ਮੈਡੀਕਲ ਪ੍ਰੈਕਟੀਸ਼ਨਰ ਕੋਲੋਂ ਦੁਬਾਰਾ ਸਕ੍ਰੀਨਿੰਗ ਵਾਲਾ ਫਾਰਮ ਲਿਆ ਕੇ ਪ੍ਰਿੰਸੀਪਲ ਨੂੰ ਦੇਣਗੇ ਜਿਸ ਵਿਚ ਇਹ ਲਿਖਿਆ ਹੋਵੇਗਾ ਕਿ ਬੱਚਾ ਸਕੂਲ ਵਾਪਸ ਆ ਸਕਦਾ ਹੈ।

**5. ਪ੍ਰਾਈਵੇਟ ਏਜੰਸੀ ਦਾ ਸਟਾਫ**

- ਸਕੂਲ ਵਲੋਂ ਸ਼ੱਕੀ ਮਾਮਲੇ ਦੀ ਸੂਚਨਾ ਮਿਲਣ 'ਤੇ ਛੇਤੀ ਤੋਂ ਛੇਤੀ ਜਵਾਬੀ ਕਾਰਵਾਈ ਕਰਦਾ ਹੈ
- ਤੇਜ਼ੀ ਨਾਲ ਕਲਾਸਰੂਮ ਦੀ ਮੁੱਢਲੀ ਜਾਂਚ ਲਈ ਸਮਾਂ ਅਤੇ ਥਾਂ ਨਿਰਧਾਰਤ ਕਰਦਾ ਹੈ
- ਪ੍ਰਿੰਸੀਪਲ ਦੇ ਦੱਸੇ ਮੁਤਾਬਕ ਸਿਰ ਦੇ ਧਾਰਮਿਕ ਪਹਿਰਾਵੇ ਵਾਲੇ ਬੱਚਿਆਂ ਲਈ ਛੋਟਾਂ ਦਿੰਦਾ ਹੈ
- ਮਾਪਿਆਂ ਨੂੰ ਇਲਾਜ ਦੇ ਤਰੀਕਿਆਂ ਦੀ ਸਿਫਾਰਸ਼ ਕਰਦਾ ਹੈ
- ਬੱਚਿਆਂ ਨੂੰ ਜੇ ਕੋਈ ਬੇਅਰਾਮੀ ਮਹਿਸੂਸ ਹੁੰਦੀ ਹੈ ਜਾਂ ਮਾਪੇ ਚਿੰਤਤ ਹੁੰਦੇ ਹਨ ਤਾਂ ਸਕੂਲ ਸਟਾਫ ਨਾਲ ਮਿਲ ਕੇ ਇਸ ਬੇਅਰਾਮੀ ਅਤੇ ਚਿੰਤਾ ਨੂੰ ਘੱਟ ਕਰਦਾ ਹੈ
- ਜਦ ਸਾਰੀਆਂ ਜੂੰਆਂ ਅਤੇ ਲੀਖਾਂ ਖਤਮ ਹੋ ਜਾਂਦੀਆਂ ਹਨ ਤਾਂ ਮਾਪਿਆਂ ਨੂੰ ਸਕੂਲ ਦੁਬਾਰਾ ਵਾਪਸੀ ਲਈ ਦਸਤਖਤ ਕੀਤਾ ਫਾਰਮ ਦਿੰਦਾ ਹੈ।

**6. ਏਜੰਸੀ ਸਟਾਫ ਲਈ ਸਕੂਲ ਦੇ ਪ੍ਰਸ਼ਾਸਨ ਦੇ ਨਾਲ ਮਿਲ ਕੇ ਸਕ੍ਰੀਨਿੰਗ ਲਈ ਮੂਲ ਹਦਾਇਤਾਂ**

ਜਦ ਇੱਕ ਜਾਂ ਜ਼ਿਆਦਾ ਬੱਚਿਆਂ ਦੇ ਸਿਰ ਵਿਚ ਜੂੰਆਂ ਮਿਲਦੀਆਂ ਹਨ:

- ਉਸ ਬੱਚੇ ਦੀ ਕਲਾਸ ਦੇ ਸਾਰੇ ਬੱਚਿਆਂ ਦੀ ਜਾਂਚ ਕਰੋ
- ਉਸਦੇ ਭੈਣ/ਭਰਾ ਦੀ ਕਲਾਸ ਦੇ ਸਾਰੇ ਬੱਚਿਆਂ ਦੀ ਜਾਂਚ ਕਰੋ ਜੇ ਇਸ ਭੈਣ/ਭਰਾਂ ਦੇ ਸਿਰ ਵਿਚ ਜੂੰਆਂ ਮਿਲਦੀਆਂ ਹਨ

ਜਦ ਦਸ ਜਾਂ ਜ਼ਿਆਦਾ ਬੱਚਿਆਂ ਦੇ ਸਿਰ ਵਿਚ ਜੂੰਆਂ ਮਿਲਦੀਆਂ ਹਨ:

- ਸਕੂਲ ਦੇ ਕਿੰਡਰਗਾਰਟਨ ਤੋਂ ਚੌਥੇ ਗਰੇਡ ਤੱਕ ਦੀਆਂ ਸਾਰੀਆਂ ਕਲਾਸਾਂ ਦੀ ਜਾਂਚ ਕਰੋ
- ਉੱਪਰ ਦੱਸੇ ਮੁਤਾਬਕ ਪਛਾਣ ਕੀਤੇ ਗਏ ਮਾਮਲੇ ਨਾਲ ਜੁੜੀਆਂ ਦੂਜੀਆਂ ਕਲਾਸਾਂ ਦੀ ਜਾਂਚ ਕਰੋ।

**7. ਪ੍ਰਕਿਰਿਆ**

- ਚੰਗੀ ਰੌਸ਼ਨੀ ਅਤੇ, ਜੇ ਹੋ ਸਕੇ, ਇਕਾਂਤ ਦਾ ਪ੍ਰਬੰਧ ਯਕੀਨੀ ਬਣਾਉ
- ਵਾਲਾਂ ਦੀਆਂ ਲਿਟਾਂ ਨੂੰ ਐਪਲੀਕੇਟਰਾਂ ਦੀ ਜੋੜੀ ਨਾਲ ਵੱਖ ਕਰੋ
- ਵਰਤਣ ਦੇ ਬਾਅਦ ਐਪਲੀਕੇਟਰਾਂ ਨੂੰ ਬੈਗ ਵਿਚ ਸੁੱਟ ਦਿਉ
- ਬੱਚੇ ਦੀ ਪਛਾਣ ਜੂੰਆਂ ਵਾਲੇ ਬੱਚੇ ਵਜੋਂ ਸਿਰਫ ਤਾਂ ਹੀ ਕਰੋ ਜੇ ਕੋਈ ਜ਼ਿੰਦਾ ਜੂੰ ਜਾਂ ਜੰਮਣ ਯੋਗ ਅੰਡੇ ਖੋਪੜੀ ਤੋਂ 1 ਸੈਂਟੀਮੀਟਰ (ਅੱਧੇ ਇੰਚ) ਦੀ ਦੂਰੀ ਦੇ ਅੰਦਰ ਦੇਖੇ ਜਾਂਦੇ ਹਨ
- ਮਾਪਿਆਂ/ਨਿਗਰਾਨ ਨੂੰ ਇਸਦੀ ਸੂਚਨਾ ਦਿਉ ਅਤੇ ਬੱਚੇ ਦਾ ਛੇਤੀ ਤੋਂ ਛੇਤੀਇਲਾਜ ਕਰਾਉਣ ਲਈ ਆਖੋ
- ਸੁਨਿਸ਼ਚਤ ਕਰੋ ਕਿ ਮਾਪਿਆਂ/ਨਿਗਰਾਨਾਂ ਨੂੰ ਇਲਾਜ, ਫਾਲੋ-ਅਪ ਅਤੇ ਸੰਪਰਕ ਪਤਾ ਲਗਾਉਣ ਬਾਰੇ ਨਵੀਨਤਮ ਜਾਣਕਾਰੀ ਮਿਲ ਜਾਏ
- ਭੈਣ/ਭਰਾ ਦੇ ਸੰਪਰਕਾਂ ਦੀ ਜਾਂਚ ਕਲਾਸਰੂਮ ਦੇ ਬਾਹਰ ਕਿਸੇ ਇਕਾਂਤ ਵਾਲੀ ਥਾਂ 'ਤੇ ਕੀਤੀ ਜਾਏ।

**ਅੰਤਿਕਾ D**

**ਸਿਰ ਵਿਚ ਜੂੰਆਂ ਦੇ ਲੱਛਣ**

ਬਹੁਤ ਜ਼ਰੂਰੀ ਹੈ ਕਿ ਮਾਪੇ/ਨਿਗਰਾਨ ਆਪਣੇ ਬੱਚਿਆਂ ਦੇ ਸਿਰਾਂ ਦੀ ਜੂੰਆਂ ਲਈ ਜਾਂਚ ਹਫਤੇ ਵਿਚ ਇੱਕ ਵਾਰੀ ਜ਼ਰੂਰ ਕਰਨ।
ਸਿਰ ਵਿਚ ਜੂੰਆਂ ਦੇ ਲੱਛਣ ਵਜੋਂ ਸਿਰ ਵਿਚ ਖਾਰਸ਼ ਹੋਣ ਦੀ ਇੰਤਜ਼ਾਰ ਨਾ ਕਰੋ। ਖਾਰਸ਼ ਹੋਣ ਤੋਂ ਕਈ ਹਫਤੇ ਪਹਿਲੇ ਤੋਂ ਬੱਚਿਆਂ ਦੇ ਸਿਰ ਵਿਚ ਜੂੰਆਂ ਹੋ ਸਕਦੀਆਂ ਹਨ।
ਤੁਹਾਨੂੰ ਪਤਾ ਚੱਲ ਜਾਏਗਾ ਕਿ ਤੁਹਾਡੇ ਸਿਰ ਵਿਚ ਜੂੰਆਂ ਹਨ ਜੇ ਤੁਸੀਂ ਦੇਖਦੇ ਹੋ:

- ਵਾਲਾਂ ਵਿਚ ਜ਼ਿੰਦਾ ਜੂੰ ਸਿਰ ਦੀਆਂ ਜੂੰਆਂ ਬਿਲਕੁਲ ਨਿੱਕੇ, ਪੰਖਹੀਨ, ਸਲੇਟੀ-ਭੂਰੇ ਰੰਗ ਦੇ ਕੀਟ ਹਨ। ਇਹਨਾਂ ਨੂੰ ਦੇਖਣਾ ਮੁਸ਼ਕਲ ਹੁੰਦਾ ਹੈ ਕਿਉਂਕਿ ਜਦ ਤੁਸੀਂ ਵਾਲਾਂ ਨੂੰ ਵੱਖ ਕਰਦੇ ਹੋ ਉਹ ਤੇਜ਼ੀ ਨਾਲ ਛੁਪ ਜਾਂਦੀਆਂ ਹਨ।
- ਜੂੰ ਦੇ ਅੰਡੇ। ਤਾਜ਼ਾ ਦਿੱਤੇ ਗਏ ਅੰਡੇ ਵਾਲ ਦੇ ਤਣੇ ਨਾਲ ਚੰਬੜੇ ਹੁੰਦੇ ਹਨ ਅਤੇ ਸਿਰ ਦੀ ਚਮੜੀ ਦੇ ਬਹੁਤ ਨੇੜੇ ਦਿੱਤੇ ਜਾਂਦੇ ਹਨ। ਇਹ ਅੰਡੇ ਸੂਈ ਦੀ ਨੋਕ ਤੋਂ ਛੋਟੇ, ਸ਼ਕਲ ਵਿਚ ਅੰਡਾਕਾਰ ਅਤੇ ਰੰਗ ਵਿਚ ਸਲੇਟੀ ਤੋਂ ਭੂਰੇ ਰੰਗ ਦੇ ਹੁੰਦੇ ਹਨ। 7 ਤੋਂ 10 ਦਿਨਾਂ ਦੇ ਅੰਦਰ ਇਹਨਾਂ ਅੰਡਿਆਂ ਵਿਚੋਂ ਬੱਚੇ ਨਿਕਲਦੇ ਹਨ। ਹਾਲਾਂਕਿ ਜੂੰਆਂ ਸਿਰ ਵਿਚ ਕਿਧਰੇ ਵੀ ਅੰਡੇ ਦੇ ਸਕਦੀਆਂ ਹਨ, ਪਰ ਉਹਨਾਂ ਦੀਆਂ ਮਨਪਸੰਦ ਥਾਂਵਾਂ ਕੰਨਾਂ ਦੇ ਆਲੇ ਦੁਆਲੇ ਅਤੇ ਧੌਣ ਦੇ ਪਿਛਲੇ ਪਾਸੇ ਹੁੰਦੀਆਂ ਹਨ।

ਪਬਲਿਕ ਹੈਲਥ ਨਰਸ
ਹਾਲਟਨ ਪਬਲਿਕ ਹੈਲਥ ਵਿਭਾਗ
ਹਾਲਟਨ ਖੇਤਰ